# ਕੈਲੀਫੋਰਨੀਆ ਦਾ ਮੌਜੂਦਾ ਭੋਜਨ ਦਾਨ ਕਾਨੂੰਨ

## ਕਾਰੋਬਾਰਾਂ ਲਈ ਕਿਸ ਤਰ੍ਹਾਂ ਪਾਲਣਾ ਕਰਨੀ ਜ਼ਰੂਰੀ ਹੈ



### ਭੋਜਨ ਰਕਿਵਰੀ ਕੀ ਹੁੰਦੀ ਹੈ?

ਭੋਜਨ ਰਿਕਵਰੀ ਦਾ ਅਰਥ ਹੈ ਖਾਣਯੋਗ ਭੋਜਨ ਨੂੰ ਇਕੱਠਾ ਕਰਨਾ, ਜੋ ਓਦਾਂ ਕੂੜੇ ਵਿੱਚ ਚਲਾ ਜਾਣਾ ਸੀ, ਅਤੇ ਇਸਨੂੰ ਲੋੜਵੰਦ ਲੋਕਾਂ ਨੂੰ ਖੁਆਉਣ ਲਈ ਮੁੜ ਵੰਡਣਾ।

### ਸੈਨੇਟ ਬਲਿ (SB) 1383 ਕੀ ਹੈ?

SB 1383 ਇੱਕ ਰਾਜ ਕਾਨੂੰਨ ਹੈ ਜੋ 2025 ਤੱਕ ਭੋਜਨ ਦੀ ਰਹਿੰਦ-ਖੂੰਹਦ, ਜੋ ਓਦਾਂ ਲੈਂਡਫਿਲ ਵਿੱਚ ਜਾ ਪਹੁੰਚੇਗੀ, ਨੂੰ ਘਟਾਉਣ ਅਤੇ ਖਾਣਯੋਗ ਭੋਜਨ ਦੀ ਰਿਕਵਰੀ ਨੂੰ 20% ਤੱਕ ਵਧਾਉਣ ਦੇ ਟੀਚੇ ਸਥਾਪਤ ਕਰਦਾ ਹੈ। ਇਨ੍ਹਾਂ ਟੀਚਿਆਂ ਨੂੰ ਅੱਗੇ ਵਧਾਉਣ ਲਈ ਸ਼ਹਿਰਾਂ ਅਤੇ ਕਾਉਂਟੀਆਂ ਲਈ ਭੋਜਨ ਰਿਕਵਰੀ ਪ੍ਰੋਗਰਾਮ ਦੀ ਨਿਗਰਾਨੀ ਕਰਨਾ ਅਤੇ ਇਸਨੂੰ ਲਾਗੂ ਕਰਨਾ ਜ਼ਰੂਰੀ ਹੈ।

### SB 1383 ਲਈ ਕੀ ਜ਼ਰੂਰੀ ਹੈ?

1. ਭੋਜਨ ਉਤਪਾਦਕ (ਟੀਅਰ 1 ਅਤੇ ਟੀਅਰ 2 ਵਾਲੇ ਕਾਰੋਬਾਰ) ਫੂਡ ਰਿਕਵਰੀ ਸੰਗਠਨਾਂ (ਜਿਵੇਂ ਕਿ ਫੂਡ ਬੈਂਕਾਂ ਅਤੇ/ਜਾਂ ਫੂਡ ਪੈਂਟ੍ਰੀਆਂ) ਨੂੰ ਵੱਧ ਤੋਂ ਵੱਧ ਖਾਣਯੋਗ ਭੋਜਨ ਦਾਨ ਕਰਨ, ਜਿਸਨੂੰ ਉਹ ਓਦਾਂ ਸੁੱਟ ਦਿੰਦੇ ਹਨ।
2. ਫੂਡ ਰਿਕਵਰੀ ਸੰਗਠਨ ਖਾਣਯੋਗ ਭੋਜਨ ਦੇ ਦਾਨ 'ਤੇ ਨਜ਼ਰ ਰੱਖਣ ਅਤੇ ਸਲਾਨਾ ਅਧਾਰ 'ਤੇ ਸ਼ਹਿਰ ਨੂੰ ਇਸਦੀ ਰਿਪੋਰਟ ਦੇਣ।
3. ਸ਼ਹਿਰ ਭੋਜਨ ਉਤਪਾਦਕਾਂ ਅਤੇ ਸੰਗਠਨਾਂ ਨੂੰ ਸਿੱਖਿਅਤ ਕਰਨ, ਰੁਟੀਨ ਮੁਆਇਨੇ ਕਰਨ ਅਤੇ ਪਾਲਣਾ ਕੀਤੇ ਜਾਣ ਦੀ ਨਿਗਰਾਨੀ ਕਰਨ।

### ਇਸਦੀ ਲੋੜ ਕਉਿਂ ਹੈ?

ਲਗਭਗ ਚਾਰ ਵਿੱਚੋਂ ਇੱਕ ਕੈਲੀਫੋਰਨੀਆ ਵਾਸੀ ਕੋਲ ਖਾਣ ਲਈ ਬਥੇਰਾ ਭੋਜਨ ਨਹੀਂ ਹੈ। ਭੋਜਨ ਦੀ ਰਿਕਵਰੀ ਨਾਲ ਨਾ ਸਿਰਫ਼ ਲੋੜਵੰਦਾਂ ਨੂੰ ਭੋਜਨ ਮਿਲਦਾ ਹੈ, ਸਗੋਂ ਸਰੋਤਾਂ ਦੀ ਬਚਤ ਵੀ ਹੁੰਦੀ ਹੈ ਅਤੇ ਲੈਂਡਫਿਲਾਂ ਵਿੱਚ ਸੁੱਟੀ ਜਾਂਦੀ ਭੋਜਨ ਦੀ ਰਹਿੰਦ-ਖੂੰਹਦ ਦੀ ਮਾਤਰਾ ਵੀ ਘਟਦੀ ਹੈ। ਜਿਵੇਂ-ਜਿਵੇਂ ਭੋਜਨ ਦੀ ਰਹਿੰਦ-ਖੂੰਹਦ ਲੈਂਡਫਿਲ ਵਿੱਚ ਸੜਦੀ ਹੈ, ਇਸ ਨਾਲ ਵੱਡੀ ਮਾਤਰਾ ਵਿੱਚ ਮੀਥੇਨ ਗੈਸ ਪੈਦਾ ਹੁੰਦੀ ਹੈ, ਜੋ ਵਾਤਾਵਰਣ 'ਤੇ ਨਕਾਰਾਤਮਕ ਪ੍ਰਭਾਵ ਪਾਉਂਦੀ ਹੈ।

### ਟੀਅਰ 1 ਅਤੇ ਟੀਅਰ 2 ਵਾਲੇ ਕਾਰੋਬਾਰਾਂ ਨੂੰ ਕਵਿੇਂ ਪਾਲਣਾ ਕਰਨੀ ਚਾਹੀਦੀ ਹੈ?

ਇਹ ਜ਼ਰੂਰੀ ਹੈ ਕਿ ਭੋਜਨ ਦਾ ਉਤਪਾਦਨ ਕਰਨ, ਵੇਚਣ ਅਤੇ ਪਰੋਸਣ ਵਾਲੇ ਕਾਰੋਬਾਰ ਵੱਧ ਤੋਂ ਵੱਧ ਖਾਣਯੋਗ ਭੋਜਨ ਨੂੰ ਰਿਕਵਰ ਕਰਨ ਅਤੇ ਉਸਦੇ ਦਾਨ ਦਾ ਪ੍ਰਬੰਧ ਕਰਨ, ਜਿਸਨੂੰ ਓਦਾਂ ਸੁੱਟ ਦਿੱਤਾ ਜਾਵੇਗਾ। ਇਨ੍ਹਾਂ ਕਾਰੋਬਾਰਾਂ ਨੂੰ ਹੇਠਾਂ ਦੱਸੇ ਦੋ ਟੀਅਰਾਂ ਵਿੱਚ ਵੰਡਿਆ ਗਿਆ ਹੈ:

### ਟੀਅਰ 1 – 1 ਜਨਵਰੀ 2022 ਤੋਂ ਭੋਜਨ ਦਾਨ ਕਰਨਾ ਅਤੇ ਦਾਨ 'ਤੇ ਨਜ਼ਰ ਰੱਖਣਾ ਜ਼ਰੂਰੀ ਹੈ

- ਸੁਪਰਮਾਰਕੀਟ
- ਕਰਿਆਨੇ ਦੀ ਦੁਕਾਨ ਜਿਸਦੀ ਸੁਵਿਧਾ ਦਾ ਅਕਾਰ 10,000 ਵਰਗ ਫੁੱਟ ਦੇ ਬਰਾਬਰ ਜਾਂ ਇਸਤੋਂ ਵੱਡਾ ਹੋਵੇ
- ਭੋਜਨ ਸੇਵਾ ਪ੍ਰਦਾਤਾ
- ਭੋਜਨ ਡਿਸਟ੍ਰੀਬਿਊਟਰ
- ਥੋਕ ਭੋਜਨ ਵਿਕ੍ਰੇਤਾ

### ਟੀਅਰ 2 – 1 ਜਨਵਰੀ 2024 ਤੋਂ ਭੋਜਨ ਦਾਨ ਕਰਨਾ ਅਤੇ ਦਾਨ 'ਤੇ ਨਜ਼ਰ ਰੱਖਣਾ ਜ਼ਰੂਰੀ ਹੈ

- 250 ਜਾਂ ਵੱਧ ਸੀਟਾਂ ਵਾਲਾ ਰੈਸਟੋਰੈਂਟ, ਜਾਂ ਕੋਈ ਸੁਵਿਧਾ ਜਿਸਦਾ ਅਕਾਰ 5,000 ਵਰਗ ਫੁੱਟ ਦੇ ਬਰਾਬਰ ਜਾਂ ਇਸਤੋਂ ਵੱਡਾ ਹੋਵੇ
- ਹੋਟਲ ਜਿਸ ਵਿੱਚ ਔਨ-ਸਾਈਟ ਖਾਣੇ ਦੀ ਸੁਵਿਧਾ ਅਤੇ 200 ਜਾਂ ਇਸਤੋਂ ਵੱਧ ਕਮਰੇ ਹੋਣ
- ਸਿਹਤ ਸੁਵਿਧਾ ਜਿਸ ਵਿੱਚ ਔਨ-ਸਾਈਟ ਭੋਜਨ ਦੀ ਸਹੂਲਤ ਅਤੇ 100 ਜਾਂ ਇਸਤੋਂ ਵੱਧ ਬੈੱਡ ਹੋਣ
- ਵੱਡੇ ਇਵੈਂਟ ਜਿਸ ਵਿੱਚ ਦਾਖਲਾ ਫੀਸ ਲਈ ਜਾਂਦੀ ਹੈ ਜਾਂ ਜਿੱਥੇ ਪ੍ਰਤੀ ਦਿਨ 2,000 ਵਿਜ਼ਿਟਰ ਆਉਂਦੇ ਹਨ
- ਵੱਡਾ ਸਥਾਨ (ਵੈਨਿਊ) ਜਿੱਥੇ ਪ੍ਰਤੀ ਦਿਨ 2,000 ਵਿਅਕਤੀਆਂ ਦੇ ਬੈਠਣ ਜਾਂ ਸੇਵਾ ਕਰਨ ਦੀ ਸਹੂਲਤ ਹੋਵੇ
- ਕੋਈ ਸਟੇਟ ਏਜੰਸੀ ਜਿਸ ਵਿੱਚ 250 ਜਾਂ ਵੱਧ ਸੀਟਾਂ ਵਾਲਾ ਕੈਫ਼ੇਟੇਰੀਆ ਹੋਵੇ ਜਾਂ ਜਿਸਦੀ ਕੁੱਲ ਕੈਫ਼ੇਟੇਰੀਆ ਸੁਵਿਧਾ ਦਾ ਅਕਾਰ 5,000 ਵਰਗ ਫੁੱਟ ਦੇ ਬਰਾਬਰ ਜਾਂ ਇਸਤੋਂ ਵੱਧ ਹੋਵੇ।
- ਸਥਾਨਕ ਸਿੱਖਿਆ ਏਜੰਸੀ ਜਿਸ ਵਿੱਚ ਔਨ-ਸਾਈਟ ਭੋਜਨ ਸੁਵਿਧਾ ਹੋਵੇ

REPUBLIC SERVICES

Sustainability in Action

## ਮੇਰੇ ਕਾਰੋਬਾਰ ਤੋਂ ਕੀ ਕਰਨ ਦੀ ਉਮੀਦ ਕੀਤੀ ਜਾਂਦੀ ਹੈ?

ਜੇਕਰ ਤੁਸੀਂ ਇੱਕ ਟੀਅਰ 1 ਜਾਂ ਟੀਅਰ 2 ਵਾਲੇ ਕਾਰੋਬਾਰ ਹੋ, ਤਾਂ ਤੁਹਾਡੇ ਖਾਣਯੋਗ ਭੋਜਨ ਨੂੰ ਇਕੱਠਾ ਕਰਨ ਜਾਂ ਪ੍ਰਾਪਤ ਕਰਨ ਲਈ ਤੁਹਾਨੂੰ ਫੂਡ ਰਿਕਵਰੀ ਸੇਵਾ(ਵਾਂ) ਜਾਂ ਸੰਸਥਾ(ਵਾਂ) ਨਾਲ ਇੱਕ ਲਿਖਤੀ ਸਮਝੌਤਾ ਜਾਂ ਠੇਕਾ ਕਰਨਾ ਹੋਵੇਗਾ। ਹੇਠਾਂ ਦੱਸਿਆਂ ਦੇ ਰਿਕਾਰਡ ਰੱਖੋ:

- ਦਾਨ ਕੀਤੇ ਭੋਜਨ ਦੀਆਂ ਕਿਸਮਾਂ
- ਪ੍ਰਤੀ ਮਹੀਨੇ ਕਿੰਨੇ ਪੌਂਡ ਭੋਜਨ ਦਾਨ ਕੀਤਾ ਗਿਆ
- ਕਿੰਨੀ ਵਾਰ ਦਾਨ ਕੀਤਾ ਗਿਆ
- ਜਿਨ੍ਹਾਂ ਫੂਡ ਰਿਕਵਰੀ ਸੇਵਾ(ਵਾਂ) ਅਤੇ/ਜਾਂ ਸੰਗਠਨ(ਨਾਂ) ਨਾਲ ਠੇਕਾ ਕੀਤਾ ਗਿਆ ਹੈ ਉਨ੍ਹਾਂ ਦਾ ਨਾਮ, ਪਤਾ ਅਤੇ ਸੰਪਰਕ ਜਾਣਕਾਰੀ
- ਕਾਰੋਬਾਰ ਜਾਣਬੁੱਝ ਕੇ ਉਹ ਭੋਜਨ ਖਰਾਬ ਨਹੀਂ ਕਰਨਗੇ ਜਿਸਨੂੰ ਰਿਕਵਰ ਕੀਤਾ ਜਾ ਸਕਦਾ ਹੈ
- ਵੱਡੇ ਸਥਾਨਾਂ (ਵੈਨਿਊ) ਜਾਂ ਵੱਡੀਆਂ ਇਵੈਂਟਾਂ ਦੇ ਆਪਰੇਟਰਾਂ ਨੂੰ ਭੋਜਨ ਰਿਕਵਰੀ ਜ਼ਰੂਰਤਾਂ ਦੀ ਪਾਲਣਾ ਕਰਨ ਲਈ ਔਨ-ਸਾਈਟ ਕੰਮ ਕਰਨ ਵਾਲੀਆਂ ਭੋਜਨ ਸੁਵਿਧਾਵਾਂ ਦੀ ਲੋੜ ਹੋਵੇਗੀ

ਜੇਕਰ ਤੁਸੀਂ ਟੀਅਰ 1 ਜਾਂ ਟੀਅਰ 2 ਵਾਲੇ ਕਾਰੋਬਾਰ ਨਹੀਂ ਹੋ, ਤਾਂ ਤੁਹਾਨੂੰ ਭੋਜਨ ਦਾਨ ਲਈ ਸਾਈਨ ਅੱਪ ਕਰਨ ਦੀ ਲੋੜ ਨਹੀਂ ਹੈ। ਅਸੀਂ ਤੁਹਾਨੂੰ ਇਸ ਚੋਣਵੀਂ ਸੇਵਾ ਵਾਸਤੇ ਸਾਈਨ ਅੱਪ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

## ਫੂਡ ਰਕਿਵਰੀ ਸੰਗਠਨ ਅਤੇ ਸੇਵਾਵਾਂ

ਭੋਜਨ ਦਾਨ ਸਵੀਕਾਰ ਕਰਨ ਵਾਲੇ ਸੰਗਠਨਾਂ ਨੂੰ ਫ੍ਰੇਜ਼ਨੋ ਕਾਉਂਟੀ ਦੇ ਫੂਡ ਰਿਕਵਰੀ ਵੈੱਬ ਪੇਜ 'ਤੇ ਜਾ ਕੇ ਲੱਭਿਆ ਜਾ ਸਕਦਾ ਹੈ **Cleanupfresnocounty.com/food-recycling/commercial-edible-food-generators**. ਆਪਣੇ ਭੋਜਨ ਦਾਨ ਪ੍ਰੋਗਰਾਮ ਨੂੰ ਸਥਾਪਤ ਕਰਨ ਵਿੱਚ ਸਹਾਇਤਾ ਲਈ ਫੂਡ ਰਿਕਵਰੀ ਸੇਵਾ ਨਾਲ ਜੁੜੋ।

| | | |
|---|---|---|
| **Bulldog Pantry/Lutheran Campus Ministry of Fresno**<br>2311 E. Shaw Ave.<br>Fresno, CA 93710<br>**559.224.9052**<br>**thebulldogpantry@gmail.com**<br>**Thebulldogpantry.org** | **Butler's Pantry**<br>3542 E. Butler Ave.<br>Fresno, CA 93702<br>**559.268.0094**<br>**admin@butlerpcg.org**<br>**Butlerpcg.org** | **Catholic Charities Diocese of Fresno**<br>149 N. Fulton Street Fresno, CA 93701<br>**559.237.0851**<br>**info@ccfoodbank.org**<br>**CCDOF.org** |
| **Central California Food Bank**<br>4010 E. Amendola Drive<br>Fresno, CA 93725<br>**559.237.3663**<br>**info@ccfoodbank.org**<br>**CCfoodbank.org** | **Fresno Asian Business Institute & Resource Center**<br>4903 E. Kings Canyon Road<br>Suite 241, Fresno, CA 93727<br>**559.268.0839**<br>**info@fresnoabirc.org**<br>**Fresnoabirc.org** | **Fresno Central SDA Community Services**<br>422 E. Shields, Fresno CA 93704<br>ਅਸਥਾਈ ਤੌਰ 'ਤੇ ਨਿਰਮਾਣ ਅਧੀਨ। ਫ਼ਿਲਹਾਲ ਮੋਬਾਈਲ ਸੇਵਾਵਾਂ।<br>**559.906.7232**<br>**office@fresnocentralsda.org**<br>**Fresnocentralca.adventistchurch.org** |
| **Fresno Metro Ministry**<br>3845 N. Clark Street, Suite 101<br>Fresno, CA 93726<br>**559.259.3220**<br>**richard@fresnometmin.org**<br>**Fresnometmin.org** | **Fresno Rescue Mission**<br>263 G Street<br>Fresno, CA 93706<br>**559.259.3220**<br>**richard@fresnometmin.org**<br>**Fresnomission.org** | **Poverello House**<br>412 F Street<br>Fresno, CA 93706<br>**559.498.6988**<br>**info@poverellohouse.org**<br>**Poverellohouse.org** |
| **The Salvation Army of Fresno**<br>1752 Fulton Street<br>Fresno Ca 93721<br>**559.233.0138**<br>**hollie.slater@usw.salvation-army.org**<br>**Fresno.salvationarmy.org/fresno** | *ਕਿਸੇ ਸਥਾਨਕ ਗੈਰ-ਮੁਨਾਫ਼ਾ ਸੰਸਥਾ ਨਾਲ ਜੁੜਨ ਵਿੱਚ ਸਹਾਇਤਾ ਲਈ, ਤੁਸੀਂ ਇੱਥੇ ਵੀ ਜਾ ਸਕਦੇ ਹੋ* ***Careit.com***.<br><br>ਟੀਅਰ 1 ਅਤੇ ਟੀਅਰ 2 ਕਾਰੋਬਾਰਾਂ ਲਈ ਭੋਜਨ ਦਾਨ ਸਬੰਧੀ ਜ਼ਰੂਰਤਾਂ ਬਾਰੇ ਵਾਧੂ ਸਵਾਲਾਂ ਲਈ, ਕਿਰਪਾ ਕਰਕੇ **559.259.3597** 'ਤੇ ਕਾਲ ਕਰੋ। | |

ਇਹ ਸੂਚੀ SB 1383 ਦੇ ਅਨੁਸਾਰ ਫੂਡ ਰਿਕਵਰੀ ਸੰਗਠਨਾਂ ਨੂੰ ਲੱਭਣ ਵਿੱਚ ਕਾਰੋਬਾਰਾਂ ਦੀ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ, ਅਤੇ ਇਹ ਪੂਰੀ ਸੂਚੀ ਨਹੀਂ ਹੈ। **ਹੋਰ ਜਾਣਕਾਰੀ ਅਤੇ ਇਹ ਜਾਣਨ ਲਈ QR ਕੋਡ ਨੂੰ ਸਕੈਨ ਕਰੋ ਕਿ ਅੱਗੇ ਕੀ ਕਰਨਾ ਹੈ।**

REPUBLIC SERVICES

Sustainability in Action

©2025 Republic Services, Inc.